ਮਾਨਯੋਗ ਸ੍ਰੀ ਐਸ ਸੀ ਅਗਰਵਾਲ, ਆਈ ਏ ਐਸ, ਮੁੱਖ ਸਕੱਤਰ, ਪੰਜਾਬ ਸਰਕਾਰ ਜੀ ਦੀ ਪ੍ਰਧਾਨਗੀ ਹੇਠ ਮਿਤੀ 12-10-2009 ਨੂੰ 12-30 ਵਜੇ ਉਹਨਾਂ ਦੇ ਦਫਤਰ ਦੇ ਕਮੇਟੀ ਰੂਮ, ਪੰਜਾਬ ਸਿਵਲ ਸਕਤਰੇਤ, ਚੰਡੀਗੜ੍ਹ ਵਿਖੇ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ ਸੱਤਵੀ ਮੀਟਿੰਗ ਦੀ ਕਾਰਵਾਈ।

ਮੀਟਿੰਗ ਵਿੱਚ ਹੇਠ ਲਿਖੇ ਮੈਂਬਰ ਹਾਜ਼ਰ ਹੋਏ :-

1) ਸ੍ਰੀ ਕਰਨ ਏ ਸਿੰਘ, ਆਈ ਏ ਐਸ,
ਪ੍ਰਮੁੱਖ ਸਕੱਤਰ, ਵਿੱਤ ਵਿਭਾਗ, ਪੰਜਾਬ, ਚੰਡੀਗੜ੍ਹ ।

2) ਸ੍ਰੀ ਅਰੁਣ ਗੋਇਲ, ਆਈ ਏ ਐਸ,
ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਚੰਡੀਗੜ੍ਹ ।

3) ਸ੍ਰੀਮਤੀ ਰਿਤੂ ਅਗਰਵਾਲ, ਆਈ ਏ ਐਸ,
ਵਧੀਕ ਸਕੱਤਰ, ਸਥਾਨਕ ਸਰਕਾਰ, ਚੰਡੀਗੜ੍ਹ
(ਪ੍ਰਮੁੱਖ ਸਕੱਤਰ, ਪੰਜਾਬ ਸਥਾਨਕ ਸਰਕਾਰ ਦੇ ਨੁਮਾਇੰਦੇ ਵੱਜੋ)

4) ਸ੍ਰੀ ਸੀਤ ਸਿੰਘ,
ਸੀਨੀਅਰ ਨਗਰ ਯੋਜਨਾਕਾਰ, ਪੰਜਾਬ, ਚੰਡੀਗੜ੍ਹ ।
(ਮੁੱਖ ਨਗਰ ਯੋਜਨਾਕਾਰ, ਪੰਜਾਬ ਦੇ ਨੁਮਾਇੰਦੇ ਵੱਜੋ)

5) ਸ੍ਰੀ ਵਿਵੇਕ ਪ੍ਰਤਾਪ ਸਿੰਘ, ਆਈ ਏ ਐਸ,
ਮੁੱਖ ਪ੍ਰਸ਼ਾਸਕ, ਗਮਾਡਾ, ਮੋਹਾਲੀ ।

ਅਜੰਡੇ ਦੀਆਂ ਮੱਦਾਂ ਨੂੰ ਲੜੀ ਵਾਰ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ :-

**ਮੱਦ ਨੰਬਰ 7.01**

**ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਛੇਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ ।**

ਕਾਰਜਕਾਰੀ ਕਮੇਟੀ ਵੱਲੋਂ ਕਾਰਵਾਈ ਦੀ ਪੁਸਟੀ ਕੀਤੀ ਗਈ ।

**ਮੱਦ ਨੰਬਰ 7.02**

**ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਛੇਵੀਂ ਮੀਟਿੰਗ ਵਿਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਤੇ ਵਿਚਾਰ ਕਰਨ ਬਾਰੇ ।**

ਕਾਰਜਕਾਰੀ ਕਮੇਟੀ ਵੱਲੋਂ ਕੀਤੀ ਗਈ ਕਾਰਵਾਈ ਤੇ ਗੋਰ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ ।

**ਮੱਦ ਨੰਬਰ 7.03**

**ਕੋਆਪਰੇਟਿਵ ਸੁਸਾਇਟੀਆਂ ਅਤੇ ਗਰੁੱਪ ਹਾਊਸਿੰਗ ਸੁਸਾਇਟੀਆਂ ਨੂੰ ਅਲਾਟ ਕੀਤੀ ਜਾਣ ਵਾਲੀ ਭੌਂ ਦੇ ਬੇਸਿਕ ਰੇਟ ਨਿਰਧਾਰਿਤ ਕਰਨ ਬਾਰੇ ।**

ਪਿਛਲੀ ਮੀਟਿੰਗ ਵਿਚ ਹੋਏ ਫੈਸਲੇ ਦੀ ਲਗਾਤਾਰਤਾ ਵਿਚ ਅਜੰਡੇ ਵਿੱਚ ਦਿੱਤੀ ਗਈ ਕੀਮਤਾਂ ਨੂੰ ਵਿਸਥਾਰਪੂਰਵਕ ਘੋਖਿਆ ਗਿਆ ਹੈ ਅਤੇ ਇਸ ਤੇ ਵਿਚਾਰ ਕੀਤਾ ਗਿਆ। ਕਾਰਜਕਾਰੀ ਕਮੇਟੀ ਨੇ ਨੋਟ ਕੀਤਾ ਕਿ ਅੱਜ ਦੀ ਲਾਗਤ ਮੁਤਾਬਿਕ ਜਿਵੇਂ ਕਿ ਅਜੰਡੇ ਵਿੱਚ ਵਿਸਥਾਰਪੂਰਬਕ ਕੈਲਕੂਲੇਸ਼ਨ ਦਿੱਤੀ ਗਈ ਹੈ, ਗਮਾਡਾ ਦੀ ਆਪਣੀ ਰਿਹਾਇਸ਼ੀ ਲੈਂਡ ਯੂਜ ਲਈ ਕੀਮਤ 15890/-ਰੁਪਏ ਵਰਗ ਗਜ ਹੈ।

Scanned by CamScanner

ਕਮੇਟੀ ਨੇ ਇਹ ਵੀ ਨੋਟ ਕੀਤਾ ਕਿ ਹੁਣ ਚਲ ਰਹੀ ਪ੍ਰਥਾ ਮੁਤਾਬਿਕ ਗਮਾਡਾ ਵਲੋਂ ਅਲਾਟਮੈਂਟ ਪੱਤਰ ਜਾਰੀ ਹੋਣ ਦੀ ਮਿਤੀ ਤੇ ਲਾਗੂ ਰੇਟ ਹੀ ਹਰੇਕ ਤੋਂ ਲਿਆ ਜਾਂਦਾ ਹੈ । ਜੇ ਇਸ ਪ੍ਰਥਾ ਵਿੱਚ ਕੋਈ ਵੀ ਬਦਲਾਓ ਕੀਤਾ ਜਾਂਦਾ ਹੈ ਤਾਂ ਉਸ ਦਾ ਸਿੱਧਾ ਅਸਰ ਕਈ ਹੋਰ ਕੇਸਾਂ ਅਤੇ ਕੋਰਟ ਕੇਸਾਂ ਵਿੱਚ ਪਵੇਗਾ ਜਿਸ ਨਾਲ ਇਕ "ਪੰਡੋਰਾ ਬਾਕਸ " ( Pandora Box) ਖੁਲ ਜਾਵੇਗਾ। ਅਜੰਡਾ ਘੋਖਣ ਉਪਰੰਤ ਕਾਰਜਕਾਰੀ ਕਮੇਟੀ ਨੇ ਇਹ ਵੀ ਪਾਇਆ ਕਿ ਇਹਨਾਂ ਸੋਸਾਇਟੀਆਂ ਦੇ ਕੇਸਾਂ ਵਿੱਚ ਅਜੇ ਅਲਾਟਮੈਂਟ ਪੱਤਰ ਜਾਰੀ ਹੋਣਾ ਹੈ। ਕਮੇਟੀ ਨੇ ਅਥਾਰਟੀ ਦੀ ਮਿਤੀ 12.2.08 ਨੂੰ ਹੋਈ ਮੀਟਿੰਗ ਦਾ ਫੈਸਲਾ ਵੀ ਘੋਖਿਆ ਜਿਸ ਮੁਤਾਬਿਕ ਇਹਨਾਂ ਸੋਸਾਇਟੀਆਂ ਨੂੰ ਬਹੁੱਤ ਵੱਡੀ ਰਾਹਤ ਪਹਿਲਾਂ ਹੀ ਦਿੱਤੀ ਜਾ ਚੁੱਕੀ ਹੈ ਜਿਸ ਅਨੁਸਾਰ ਇਹਨਾਂ ਨੂੰ ਚਾਲੂ ਪ੍ਰਥਾ ਮੁਤਾਬਿਕ ਆਕਸਨ ਵਿੱਚ ਅਲਾਟਮੈਂਟ ਤੋ ਛੋਟ ( Exception) ਦਿੱਤੀ ਗਈ ਹੈ ਅਤੇ ਅਥਾਰਟੀ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਇਨ੍ਹਾਂ ਨੂੰ ਅਲਾਟਮੈਂਟ ਦੀ ਮਿਤੀ ਤੇ ਲਾਗੂ ਰੇਟ ਤੇ ਅਲਾਟਮੈਂਟ ਕਰ ਦਿੱਤੀ ਜਾਵੇ ਨਾ ਕਿ ਆਕਸ਼ਨ ਰਾਂਹੀਂ। ਕਮੇਟੀ ਦੇ ਪੁੱਛਣ ਤੇ ਮੁੱਖ ਪ੍ਰਸਾਸਕ, ਗਮਾਡਾ ਨੇ ਦੱਸਿਆ ਕਿ ਰਿਹਾਇਸੀ ਪਲਾਟਾਂ ਦੀ ਪਿਛਲੀ ਆਕਸਨ ਜੋ ਮਿਤੀ 30.9.2008 ਨੂੰ ਹੋਈ ਸੀ ਦਾ ਰੇਟ 50315/-ਰੁਪਏ ਪ੍ਰਤੀ ਵਰਗ ਗਜ ਰਿਹਾ ਹੈ। ਇਹਨਾਂ ਸਾਰੇ ਤੱਥਾਂ ਨੂੰ ਧਿਆਨ ਵਿੱਚ ਰੱਖਦੇ ਹੋਇਆ ਅਤੇ ਕੋਆਪਰੇਟਿਵ ਸੋਸਾਇਟੀਆਂ ਅਤੇ ਗਰੁਪ ਹਾਊਸਿੰਗ ਸੋਸਾਇਟੀ ਦੇ ਮੈਂਬਰਾਂ ਨੂੰ ਰਾਹਤ ਦਾ ਖਿਆਲ ਕਰਦੇ ਹੋਏ ਕਮੇਟੀ ਨੇ ਇਹ ਫੈਸਲਾ ਕੀਤਾ ਕਿ ਇਹਨਾਂ ਨੂੰ ਅਲਾਟਮੈਂਟ 12000/- ਰੁਪਏ ਪ੍ਰਤੀ ਵਰਗ ਗਜ ਦੇ ਹਿਸਾਬ ਨਾਲ ਕੀਤੀ ਜਾਵੇ।

**<u>ਮੱਦ ਨੰਬਰ 7.04</u>**
**ਧਾਰਮਿਕ ਸਾਈਟਾਂ ਦੀ ਅਲਾਟਮੈਂਟ ਕਰਨ ਬਾਰੇ ।**

ਕਾਰਜਕਾਰੀ ਕਮੇਟੀ ਵੱਲੋ ਸਕ੍ਰੂਟਨੀ ਕਮੇਟੀ ਦੀਆਂ ਸਿਫਾਰਸਾਂ ਨੂੰ ਪ੍ਰਵਾਨ ਕੀਤਾ ਗਿਆ ।

**<u>ਮੱਦ ਨੰਬਰ 7.05</u>**
**ਵੱਖ ਵੱਖ ਰੈਜੀਡੈਂਟਸ ਵੈਲਫੇਅਰ ਐਸੋਸੀਏਸਨਾਂ ਨੂੰ ਪਾਰਕਾਂ ਦੀ ਸੰਭਾਲ ਲਈ ਮੌਜੂਦਾ ਰੇਟਾਂ ਵਿਚ ਵਾਧੇ ਦੀ ਮੰਜੂਰੀ ਬਾਰੇ ।**

ਮੱਦ ਪ੍ਰਵਾਨ ਹੈ ।

**<u>ਮੱਦ ਨੰਬਰ 7.06</u>**
**ਨਾਲੇਜ ਸਿਟੀ, ਸੈਕਟਰ 81 ਐਸ ਏ ਐਸ ਨਗਰ ਲਈ ਫੰਡ ਦਾ ਉਪਬੰਧ ਕਰਾਉਣ ਬਾਰੇ ।**

ਮੱਦ ਦੇ ਵਿਚ ਤੱਥਾਂ ਨੂੰ ਨੋਟ ਕੀਤਾ ਗਿਆ । ਵਿਚਾਰ ਵਟਾਂਦਰੇ ਉਪਰੰਤ ਇਹ ਫੈਸਲਾ ਕੀਤਾ ਗਿਆ ਕਿ ਇਸ ਸਥਿਤੀ ਵਿਚ ਪ੍ਰੋਜੈਕਟ ਡਿਵੈਲਪਰਜ ਦੁਆਰਾ ਜਮ੍ਹਾ ਕੀਤੇ ਜਾ ਰਹੇ ਚੇਂਜ ਆਫ ਲੈਂਡ ਯੂਜ (ਸੀ ਐਲ ਯੂ) ਚਾਰਜਿਜ ਨੂੰ ਉਦੋ ਤੱਕ ਗਮਾਡਾ ਵਿਚ ਹੀ ਰੀਟੇਨ ਕੀਤਾ ਜਾਵੇ ਜਦੋ ਤੱਕ ਬਕਾਇਆ ਰਕਮ ਅਡਜਸਟ ਨਹੀ ਹੋ ਜਾਂਦੀ । ਪ੍ਰਮੁੱਖ ਸਕੱਤਰ ਵਿੱਤ ਜੀ ਦੀ ਰਜਾਮੰਦੀ ਨਾਲ ਇਹ ਫੈਸਲਾ ਕੀਤਾ ਗਿਆ ਕਿ ਮੁੱਖ ਨਗਰ ਯੋਜਨਾਕਾਰ,ਪੰਜਾਬ ਨੂੰ ਇਹ ਹਦਾਇਤ ਕਰ ਦਿੱਤੀ ਜਾਵੇ ਕਿ ਉਹ ਪਰਮੋਟਰਾਂ ਤੋਂ ਸੀ.ਐਲ.ਯੂ. ਚਾਰਜਿਜ ਗਮਾਡਾ ਦੇ ਨਾਂ ਡਿਮਾਂਡ ਡਰਾਫਟ ਦੇ ਰੂਪ ਵਿੱਚ ਇਕੱਠੇ ਕਰਨ ਜਦੋਂ ਤਕ ਨਾਲਜ ਸਿੱਟੀ ਸੈਕਟਰ-81 ਦੀ ਭੋਂ ਪ੍ਰਾਪਤੀ ਦੇ ਕਾਰਣ ਸਰਕਾਰ ਦੀ ਗਮਾਡਾ ਪ੍ਰਤੀ ਦੇਣਦਾਰੀ ਖਤਮ ਨਹੀਂ ਹੋ ਜਾਂਦੀ।

**<u>ਮੱਦ ਨੰਬਰ 7.07</u>**
**ਸਾਈਬਰ ਕਰਾਈਮ ਅਤੇ ਐਫ ਐਸ ਐਲ ਬਿਲਡਿੰਗ ਫੇਜ 4 ਮੋਹਾਲੀ ਵਿਰੁੱਧ ਨਾਨ ਉਸਾਰੀ ਫੀਸ ਵਸੂਲ ਕਰਨ ਸਬੰਧੀ ।**

ਮੱਦ ਪ੍ਰਵਾਨ ਹੈ ।

Scanned by CamScanner

ਇਸਤੋਂ ਇਲਾਵਾ ਚੇਅਰਮੈਨ ਸਾਹਿਬ ਦੀ ਆਗਿਆ ਨਾਲ ਹੇਠ ਲਿਖੇ ਅਨੁਸਾਰ ਮਾਮਲਾ ਡਿਸਕਿਸ ਕੀਤਾ ਗਿਆ ਅਤੇ ਫੈਸਲਾ ਲਿਆ ਗਿਆ :-

**ਸਿਟੀ ਸੈਂਟਰ ਸੈਕਟਰ 62, ਐਸ ਏ ਐਸ ਨਗਰ (ਮੋਹਾਲੀ)**

ਮੀਟਿੰਗ ਵਿਚ ਸਿਟੀ ਸੈਂਟਰ ਸੈਕਟਰ 62, ਐਸ ਏ ਐਸ ਨਗਰ, ਮੋਹਾਲੀ ਦੇ ਵਿਕਾਸ ਦੇ ਨਾਲ ਨਾਲ ਸੈਕਟਰ 62 ਦੇ ਵਿਚ ਹੋਟਲ-ਕਮ-ਕਨਵੈਨਸਨ ਸੈਂਟਰ ਦੇ ਬਾਰੇ ਵੀ ਡਿਸਕਿਸ ਕੀਤਾ ਗਿਆ । ਮੀਟਿੰਗ ਦੇ ਵਿੱਚ ਕਾਰਜਕਾਰੀ ਕਮੇਟੀ ਨੂੰ ਜਾਣੂ ਕਰਵਾਇਆ ਗਿਆ ਕਿ ਗਮਾਡਾ ਦੀ ਅਥਾਰਟੀ ਵਿਚ ਫੈਸਲੇ ਦੇ ਅਨੁਸਾਰ ਇਹ ਪ੍ਰੋਜੈਕਟ ਪੀ ਪੀ ਪੀ ਮੋਡ ਵਿਚ ਪੰਜਾਬ ਇਨਫਰਾਸਟਰਕਚਰ ਵਿਕਾਸ ਬੋਰਡ (ਪੀ ਆਈ ਡੀ ਬੀ) ਦੁਆਰਾ ਗਮਾਡਾ ਦੇ ਵੱਲੋ ਕੀਤਾ ਜਾ ਰਿਹਾ ਹੈ । ਇਸ ਪ੍ਰੋਜੈਕਟ ਦੇ ਕੰਪੋਨੈਂਟ ਪੰਜ ਸਿਤਾਰਾ ਹੋਟਲ ਅਤੇ ਇੱਕ ਇੰਟਰਨੈਸਨਲ ਪੱਧਰ ਦਾ ਕਨਵੈਂਸਨ ਸੈਂਟਰ ਹੈ । ਵਿੱਤੀ ਜੀਊਣਯੋਗਤਾ(viability) ਨੂੰ ਸੁਧਾਰ ਕਰਨ ਲਈ ਇਸਦੇ ਵਿੱਚ ਕਮਰਸਿਅਲ ਕੰਪੋਨੈਂਟ ਵੀ ਰੱਖਿਆ ਗਿਆ ਹੈ ਪ੍ਰਤੂੰ ਪਿਛਲੇ ਸਾਲ ਤੋ ਸਾਰੀ ਦੁਨੀਆਂ ਵਿਚ ਚੱਲ ਰਹੀ ਆਰਥਿਕ ਮੰਦੀ ਦੇ ਕਾਰਨ ਇਸ ਪ੍ਰੋਜੈਕਟ ਵੱਲੋ ਡਿਵੈਲਪਰਜ ਦਾ ਜਿਆਦਾ ਰੁਝਾਨ ਨਹੀ ਦਿਖਾਇਆ ਜਾ ਰਿਹਾ । ਵਿਚਾਰ ਵਟਾਂਦਰੇ ਉਪਰੰਤ ਕਾਰਜਕਾਰੀ ਕਮੇਟੀ ਨੇ ਮਹਿਸੂਸ ਕੀਤਾ ਕਿ ਜੇਕਰ ਪ੍ਰੋਜੈਕਟ ਦੇ ਕੰਪੋਨੈਂਟਸ decouple ਕੀਤੇ ਜਾਣ ਜਾਂ ਪੂਰੇ ਪ੍ਰੋਜੈਕਟ ਦੀ ਇੱਕ ਵਾਰ ਫਿਰ ਵਿੱਤੀ ਰਿਸਟਰਕਚਰਿੰਗ ਕੀਤੀ ਜਾਵੇ ਤਾਂ ਇਸ ਪ੍ਰੋਜੈਕਟ ਵਿਚ ਗਮਾਡਾ ਅਤੇ ਸਰਕਾਰ ਨੂੰ ਹੋਰ ਲਾਭ ਹੋ ਸਕਦਾ ਹੈ। ਕਮੇਟੀ ਨੇ ਇਹ ਮਹਿਸੂਸ ਕੀਤਾ ਕਿ ਜੇ ਕਮਰਸੀਅਲ ਏਰੀਏ ਦੇ ਪਲਾਟ ਅਤੇ ਹੋਟਲ ਦੇ ਪਲਾਟ ਨੂੰ ਖੁਲੀ ਬੋਲੀ ਰਾਹੀਂ ਵੇਚਿਆ ਜਾਂਦਾ ਹੈ ਅਤੇ ਉਸ ਤੋਂ ਆਉਣ ਵਾਲੀ ਆਮਦਨ ਨਾਲ ਕੰਨਵੈਂਸਨ ਸੈਂਟਰ ਬਣਾਇਆ ਜਾਂਦਾ ਹੈ ਤਾਂ ਇਹ ਪ੍ਰੋਜੈਕਟ ਛੇਤੀ ਅਤੇ ਪਾਰਦਰਸੀ ਤਰੀਕੇ ਨਾਲ ਨੇਪੜੇ ਚਾੜਿਆ ਜਾ ਸਕਦਾ ਹੈ । ਇਸ ਲਈ ਕਾਰਜਕਾਰੀ ਕਮੇਟੀ ਨੇ ਫੈਸਲਾ ਕੀਤਾ ਕਿ ਪੀ ਆਈ ਡੀ ਬੀ ਨੂੰ ਬੇਨਤੀ ਕੀਤੀ ਜਾਵੇ ਕਿ ਇਸ ਪ੍ਰੋਜੈਕਟ ਤੇ ਅੱਗੇ ਹੋਰ ਕਾਰਵਾਈ ਕਰਨ ਤੋ ਪਹਿਲਾਂ ਉਪਰੋਕਤ ਪਹਿਲੂਆਂ ਨੂੰ ਵਿੱਤੀ ਪੱਖੋ ਪਰਖਿਆ ਜਾਵੇ ਤਾਂ ਜੋ ਇਸ ਸਬੰਧੀ ਉਚਿਤ ਫੈਸਲਾ ਲਿਆ ਜਾ ਸਕੇ ।

ਮੀਟਿੰਗ ਮਾਨਯੋਗ ਚੇਅਰਮੈਨ ਜੀ ਦੀ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ ।

**ਮੁੱਖ ਸਕੱਤਰ-ਕਮ-ਚੇਅਰਮੈਨ**
ਕਾਰਜਕਾਰੀ ਕਮੇਟੀ, ਗਮਾਡਾ

Scanned by CamScanner